# ਪੰਜਾਬ ਸਕੂਲ ਸਿੱਖਿਆ ਬੋਰਡ

## (ਪ੍ਰੈੱਸ ਨੋਟ)

## ਨਕਲ ਕਾਰਨ ਰੱਦ ਹੋਈ ਦਸਵੀਂ ਬਾਰ੍ਹਵੀਂ ਦੀ ਪਰੀਖਿਆ ਹੁਣ 17 ਤੋਂ 20 ਅਪ੍ਰੈਲ ਤੱਕ ਹੋਵੇਗੀ

ਐਸ.ਏ.ਐਸ.ਨਗਰ 13 ਅਪ੍ਰੈਲ ( ) ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਬਾਰ੍ਹਵੀਂ ਦੀਆਂ ਨਕਲ ਕਾਰਨ ਰੱਦ ਹੋਈਆਂ ਪਰੀਖਿਆਵਾਂ ਲਈ ਪਰੀਖਿਆ ਕੇਂਦਰਾਂ ਅਤੇ ਮਿਤੀਆਂ ਦਾ ਐਲਾਨ ਕੀਤਾ ਗਿਆ ਹੈ।

ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਕੱਤਰ ਸ੍ਰੀਮਤੀ ਹਰਗੁਣਜੀਤ ਕੌਰ ਵੱਲੋਂ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਹੈ ਕਿ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਫਰਵਰੀ/ਮਾਰਚ 2018 ਦੀਆਂ ਨਕਲ ਕਾਰਨ ਰੱਦ ਹੋਈਆਂ ਪ੍ਰੀਖਿਆਵਾਂ ਦੀ ਮੁੜ ਪ੍ਰੀਖਿਆ ਡੀ.ਏ.ਵੀ.ਸ.ਸ.ਸ, ਹਾਥੀ ਗੇਟ, ਅੰਮ੍ਰਿਤਸਰ, ਸ.ਕੰ.ਸ.ਸ.ਸ, ਗੁਰਦਾਸਪੁਰ, ਮਾਝਾ ਕਾਲਜ ਫਾਰ ਵੂਮੈਨ, ਤਰਨਤਾਰਨ-12, ਗੌ.ਸ.ਸ.ਸ. (ਲੜਕੇ) ਤਰਨਤਾਰਨ-4, ਐਸ.ਡੀ. ਸ.ਸ.ਸ, ਸਰਹਾਲੀ ਰੋਡ (ਬ-1) ਤਰਨਤਾਰਨ-8, ਐਸ.ਡੀ. ਸ.ਸ.ਸ, ਸਰਹਾਲੀ ਰੋਡ (ਬ-2) ਤਰਨਤਾਰਨ-9, ਐਸ.ਡੀ. ਗਰਲਜ਼ ਸ.ਸ.ਸ, ਤਰਨਤਾਰਨ-10, ਕਲਗੀਧਰ ਪਬ. ਹ.ਸ. ਕੱਕਾ ਕਡਿਆਲਾ, ਤਰਨਤਾਰਨ, ਐਸ.ਜੀ.ਏ.ਡੀ.ਖਾਲਸਾ ਸ.ਸ.ਸ. (ਬ-1) ਤਰਨਤਾਰਨ-6, ਐਸ.ਜੀ.ਏ.ਡੀ. ਖਾਲਸਾ ਸ.ਸ.ਸ. (ਬ-2) ਤਰਨਤਾਰਨ-7, ਐਸ.ਜੀ.ਏ.ਡੀ. ਗੌ.ਗਰਲਜ਼ ਸ.ਸ.ਸ.(ਬ-1) ਤਰਨਤਾਰਨ-1, ਐਸ.ਜੀ.ਏ.ਡੀ. ਗੌ. ਗਰਲਜ਼ ਸ.ਸ.ਸ. (ਬ-2) ਤਰਨਤਾਰਨ-2, ਮਾਤਾ ਗੰਗਾ ਗਰਲਜ਼ ਕਾਲਜੀਏਟ ਸ.ਸ.ਸ., ਤਰਨਤਾਰਨ, ਸੰਤ ਸਿੰਘ ਸੁੱਖਾ ਸਿੰਘ ਮਾਡਰਨ ਹਾਈ ਸਕੂਲ, ਸਰਕੂਲਰ ਰੋਡ, ਤਰਨਤਾਰਨ, ਆਰੀਆ ਗਰਲਜ ਸ.ਸ.ਸ, ਅੱਡਾ ਬਜ਼ਾਰ, ਤਰਨਤਾਰਨ-3 ਵਿਖੇ ਕਰਵਾਈ ਜਾ ਰਹੀ ਹੈ।

ਬੋਰਡ ਸਕੱਤਰ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਾਰ੍ਹਵੀਂ ਸ਼੍ਰੇਣੀ ਦੇ ਜਨਰਲ ਅੰਗਰੇਜ਼ੀ, ਪੰਜਾਬੀ ਚੋਣਵੀਂ, ਬਾਇਓਲੋਜੀ ਅਤੇ ਦਸਵੀਂ ਸ਼੍ਰੇਣੀ ਦੇ ਗਣਿਤ ਵਿਸ਼ੇ ਦੀ ਪ੍ਰੀਖਿਆ ਮਿਤੀ 17-04-2018 ਨੂੰ ਦੁਪਹਿਰ 12.00 ਵਜੇ ਤੋਂ 3.15 ਵਜੇ ਤੱਕ ਅਤੇ ਬਾਰ੍ਹਵੀਂ ਸ਼੍ਰੇਣੀ ਦੇ ਸਰੀਰਕ ਸਿੱਖਿਆ ਵਿਸ਼ੇ ਦੀ ਪ੍ਰੀਖਿਆ ਮਿਤੀ 18-04-2018 ਨੂੰ ਸਵੇਰੇ 12.00 ਵਜੇ ਤੋਂ 3.15 ਵਜੇ ਤੱਕ ਕਰਵਾਈ ਜਾ ਰਹੀ ਹੈ। ਉਹਨਾਂ ਇਹ ਵੀ ਦੱਸਿਆ ਕਿ ਕੇਵਲ ਨਕਲ ਕਾਰਨ ਰੱਦ ਹੋਈ ਪ੍ਰੀਖਿਆ ਨਾਲ ਸਬੰਧਤ ਸਕੂਲ 100/-ਰੁਪਏ ਪ੍ਰਤੀ ਪ੍ਰੀਖਿਆਰਥੀ ਪ੍ਰਤੀ ਵਿਸ਼ਾ ਫੀਸ ਇੱਕਮੁੱਠ ਜਿਲ੍ਹਾ ਮੈਨੇਜਰ, ਖੇਤਰੀ ਦਫਤਰ ਪਾਸ ਜਮ੍ਹਾਂ ਕਰਵਾਉਣਗੇ। ਕੰਪਾਰਟਮੈਂਟ ਵਾਲੇ ਪ੍ਰੀਖਿਆਰਥੀ ਇਹ ਫੀਸ ਆਪਣੇ ਤੌਰ ਤੇ ਖੇਤਰੀ ਦਫਤਰ ਵਿਖੇ ਜਮ੍ਹਾਂ ਕਰਵਾਉਣਗੇ। ਪੇਪਰ ਕਲੈਸ਼ ਹੋਣ ਜਾਂ ਪ੍ਰਬੰਧਕੀ ਕਾਰਨਾਂ ਕਰਕੇ ਪ੍ਰੀਖਿਆ ਦੇਣ ਤੋਂ ਵਾਂਝੇ ਰਹਿ ਗਏ ਪ੍ਰੀਖਿਆਰਥੀਆਂ ਦੀ ਮੁੜ ਪ੍ਰੀਖਿਆ ਵੀ ਵੱਖ-ਵੱਖ ਜਿਲ੍ਹਿਆਂ ਵਿੱਚ ਪ੍ਰੀਖਿਆ ਕੇਂਦਰ ਸਥਾਪਿਤ ਕਰਕੇ ਮਿਤੀ 17-4-2018 ਤੋਂ ਮਿਤੀ 20-4-2018 ਤੱਕ ਕਰਵਾਈ ਜਾ ਰਹੀ ਹੈ। ਉਹਨਾਂ ਕਿਹਾ ਹੋਰ ਵਧੇਰੇ ਜਾਣਕਾਰੀ ਲਈ ਬੋਰਡ ਦੀ ਵੈਬਸਾਈਟ www.pseb.ac.in ਵੇਖੀ ਜਾਵੇ।

ਮਿਤੀ:-13-04-2018

ਕੋਮਲ ਸਿੰਘ (ਲੋਕ ਸੰਪਰਕ ਦਫ਼ਤਰ)
ਪੰਜਾਬ ਸਕੂਲ ਸਿੱਖਿਆ ਬੋਰਡ

Scanned by CamScanner